

# ਗਰਭ-ਅਵਸਥਾ ਤੋਂ ਬਾਅਦ ਦੀ ਕਵਰੇਜ (APC)

ਗਰਭ-ਅਵਸਥਾ ਤੋਂ ਬਾਅਦ ਦੀ ਕਵਰੇਜ (APC) ਲਈ ਐੱਪਲ ਹੈਲਥ (Apple Health (Medicaid)) ਗਰਭ-ਅਵਸਥਾ ਤੋਂ ਬਾਅਦ 12 ਮਹੀਨਿਆਂ ਲਈ ਤੁਹਾਡੀ ਮਾਨਸਿਕ, ਸਰੀਰਕ ਅਤੇ ਜਜ਼ਬਾਤੀ ਭਲਾਈ ਲਈ ਮਦਦ ਵਾਸਤੇ ਸੇਵਾਵਾਂ ਦਿੰਦੀ ਹੈ।

## ਲਾਭ ਅਤੇ ਸੇਵਾਵਾਂ

APC ਰਾਹੀਂ ਜਣੇਪੇ ਤੋਂ ਬਾਅਦ ਦੇਖਭਾਲ ਕਰਨ ਦੀ ਪੇਸ਼ਕਸ਼ ਕਰਦੀ ਹੈ ਅਤੇ ਵਾਧੂ ਸਿਹਤ ਸੰਭਾਲ ਸੇਵਾਵਾਂ ਬਿਲਕੁਲ ਮੁਫ਼ਤ ਦਿੰਦੀ ਹੈ।ਇਹਨਾਂ ਲਾਭਾਂ ਵਿੱਚ ਦੰਦਾਂ ਦੀ ਸੰਭਾਲ, ਗਰਭ-ਨਿਰੋਧਕ, ਨਿਵਾਰਕ ਸੰਭਾਲ, ਵਿਹਾਰ ਸਬੰਧੀ ਸਹਾਇਤਾ ਅਤੇ Apple Health ਰਾਹੀਂ ਦਿੱਤੀਆਂ ਜਾਣ ਵਾਲ਼ੀਆਂ ਹੋਰ ਸੇਵਾਵਾਂ ਸ਼ਾਮਿਲ ਹਨ। ਜੇ ਤੁਸੀਂ ਹੱਕਦਾਰ ਹੋ, ਤਾਂ ਇਹ ਕਵਰੇਜ ਆਮਦਨ ਵਿਚਲੀ ਕਿਸੇ ਵੀ ਤਬਦੀਲੀ ਨੂੰ ਧਿਆਨ ਵਿੱਚ ਰੱਖੇ ਬਿਨਾ, ਤੁਹਾਡੀ ਗਰਭ-ਅਵਸਥਾ ਖ਼ਤਮ ਹੋਣ ਤੋਂ ਬਾਅਦ 12 ਮਹੀਨਿਆਂ ਤੱਕ ਮਿਲਦੀ ਹੈ।

Apple Health ਹੇਠ ਕਿਹੜੀਆਂ ਸੇਵਾਵਾਂ ਆਉਂਦੀਆਂ ਹਨ, ਬਾਰੇ ਜਾਣਨ ਲਈ **hca.wa.gov/apple-health-services** 'ਤੇ ਜਾਓ।

## ਕੀ ਮੈਂ ਹੱਕਦਾਰ ਹਾਂ?

**APC ਪ੍ਰੋਗਰਾਮ ਲਈ ਹੱਕਦਾਰ ਹੋਣ ਵਾਸਤੇ, ਤੁਹਾਨੂੰ:**

- ਪਿਛਲੇ 12 ਮਹੀਨਿਆਂ ਦੇ ਅੰਦਰ ਗਰਭਵਤੀ ਹੋਣਾ ਚਾਹੀਦਾ ਹੈ।
- ਵਾੱਸ਼ਿੰਗਟਨ ਵਿੱਚ ਰਹਿੰਦੇ ਹੋਣਾ ਚਾਹੀਦਾ ਹੈ।
- ਇਸਦੇ ਪਿਛਲੇ ਪਾਸੇ ਦਿੱਤੇ ਗਏ ਮਿਆਰਾਂ ਨੂੰ ਪੂਰੀ ਕਰਨ ਜਿੰਨੀ ਆਮਦਨ ਹੋਣੀ ਚਾਹੀਦੀ ਹੈ।
- ਕਿਸੇ ਹੋਰ Apple Health ਪ੍ਰੋਗਰਾਮ ਲਈ ਹੱਕਦਾਰ ਨਹੀਂ ਹੋਣਾ ਚਾਹੀਦਾ।

ਇਮੀਗ੍ਰੇਸ਼ਨ ਦਾ ਦਰਜਾ ਯੋਗਤਾ 'ਤੇ ਅਸਰ ਨਹੀਂ ਪਾਉਂਦਾ।
**hca.wa.gov/apc** 'ਤੇ ਹੋਰ ਜਾਣੋ।

Washington Apple Health

Washington State Health Care Authority

HCA 19-0076 PJ (3/24) Punjabi

## ਇਸ ਲਈ ਹੱਕਦਾਰ ਹੋਣ ਵਾਸਤੇ ਮੈਂ ਹਰ ਮਹੀਨੇ ਸਭ ਤੋਂ ਵੱਧ ਕੀ ਕਰ ਸਕਦਾ/ਸਕਦੀ ਹਾਂ?

| ਇਕੱਲਾ ਵਿਅਕਤੀ | 2-ਲੋਕਾਂ ਦਾ ਪਰਿਵਾਰ | 3-ਲੋਕਾਂ ਦਾ ਪਰਿਵਾਰ |
|---|---|---|
| $2,485 ਮਹੀਨੇਵਾਰ | $3,373 ਮਹੀਨੇਵਾਰ | $4,260 ਮਹੀਨੇਵਾਰ |
| **4-ਲੋਕਾਂ ਦਾ ਪਰਿਵਾਰ** | **5-ਲੋਕਾਂ ਦਾ ਪਰਿਵਾਰ** | **6-ਲੋਕਾਂ ਦਾ ਪਰਿਵਾਰ** |
| $5,148 ਮਹੀਨੇਵਾਰ | $6,036 ਮਹੀਨੇਵਾਰ | $6,923 ਮਹੀਨੇਵਾਰ |

## ਕੀ ਤੁਸੀਂ ਗਰਭਵਤੀ ਹੋ ਅਤੇ ਤੁਹਾਡੀ ਪਹਿਲਾਂ ਤੋਂ ਹੀ Apple Health ਕਵਰੇਜ ਹੈ?

ਜੇ ਤੁਹਾਡੀ ਪਹਿਲਾਂ ਤੋਂ ਹੀ Apple Health ਕਵਰੇਜ ਹੈ, ਤਾਂ ਜਿਸ ਸਮੇਂ ਤੁਸੀਂ ਆਪਣੀ ਗਰਭ-ਅਵਸਥਾ ਦੀ ਸਥਿਤੀ ਨੂੰ ਅਪਡੇਟ ਕਰਦੇ ਹੋ, ਤਾਂ ਤੁਹਾਨੂੰ APC ਲਈ ਟ੍ਰਾਂਸਫ਼ਰ ਕਰ ਦਿੱਤਾ ਜਾਏਗਾ।

- ਜੇ ਤੁਹਾਡੀ ਵਾੱਸ਼ਿੰਗਟਨ ਹੈਲਥਪਲੈਨਫ਼ਾਈਂਡਰ (Washington Healthplanfinder) ਰਾਹੀਂ ਕਵਰੇਜ ਹੈ, ਤਾਂ **wahealthplanfinder.org** 'ਤੇ ਅਪਡੇਟ ਕਰੋ।
- ਜੇ ਤੁਹਾਡਾ ਬੀਮਾ Apple Health ਥ ਕਲਾਸਿਕ ਮੈਡੀਕੇਡ (Apple Health Classic Medicaid) ਰਾਹੀਂ ਹੋਇਆ ਹੈ (ਉਮਰ 65 ਸਾਲ ਜਾਂ ਵੱਧ, ਨੇਤਰਹੀਣ ਜਾਂ ਅਸਮਰੱਥ ਅਪਾਹਜ ਹੋ), ਤਾਂ **washingtonconnection.org** 'ਤੇ ਜਾਕੇ ਅਪਡੇਟ ਕਰੋ।

## ਕੀ ਤੁਸੀਂ ਪਿਛਲੇ 12 ਮਹੀਨਿਆਂ ਤੋਂ ਗਰਭਵਤੀ ਸੀ ਅਤੇ ਤੁਹਾਡੀ Apple Health ਕਵਰੇਜ ਨਹੀਂ ਹੈ?

**ਤੁਸੀਂ APC ਲਈ ਹੱਕਦਾਰ ਹੋ ਸਕਦੇ ਹੋ। ਹੁਣੇ ਅਪਲਾਈ ਕਰੋ!**

- ਔਨਲਾਈਨ: **wahealthplanfinder.org** 'ਤੇ ਜਾਓ - "ਹੁਣੇ ਅਪਲਾਈ ਕਰੋ" ਬਟਨ ਚੁਣੋ।
- ਮੋਬਾਈਲ ਐਪ: WAPlanfinder ਐਪ ਡਾਊਨਲੋਡ ਕਰੋ
- ਫੋਨ: 1-855-923-4633 'ਤੇ Washington Healthplanfinder ਨੂੰ ਕਾੱਲ ਕਰੋ।
- ਦਸਤਾਵੇਜ਼: ਅਰਜ਼ੀ **hca.wa.gov/health-care-application** ਤੋਂ ਡਾਊਨਲੋਡ ਕਰੋ।
- ਨਿਜੀ ਤੌਰ 'ਤੇ: ਸਿਹਤ ਕਵਰੇਜ ਲਈ ਅਪਲਾਈ ਕਰਨ ਵਾਸਤੇ, ਸਥਾਨਕ ਸ੍ਰੋਤ ਤੁਹਾਡੀ ਬਿਲਕੁਲ ਮੁਫ਼ਤ ਮਦਦ ਕਰ ਸਕਦੇ ਹਨ।
  - ਗਾਹਕ ਸਹਾਇਤਾ ਲਿੰਕ ਰਾਹੀ **wahealthplanfinder.org**- 'ਤੇ ਇੱਕ ਨੈਵੀਗੇਟਰ ਦਾ ਪਤਾ ਲਾਓ।



ਜੇ ਤੁਹਾਨੂੰ ਰਿਹਾਇਸ਼ ਦੀ ਲੋੜ ਹੈ ਜਾਂ ਦਸਤਾਵੇਜ਼ ਕਿਸੇ ਹੋਰ ਰੂਪ ਜਾਂ ਭਾਸ਼ਾ ਵਿੱਚ ਚਾਹੀਦੇ ਹਨ, ਤਾਂ ਕਿਰਪਾ ਕਰਕੇ 1-800-562-3022 (TRS: 711) 'ਤੇ ਕਾੱਲ ਕਰੋ।